# INSTRUCTIONS FOR THE CANDIDATES

1. **All Candidates must wear mask and follow the social distance norms in the Examination Centre.**

2. **The Candidate must reach 45 minutes before the test time at allotted Examination Centre.**

3. The candidate has to produce his/her admit card having scanned photo and signature thereon at the start of the exam along with the photo ID. If any candidate does not possess the scanned photo at his/her admit card, he/she will be allowed to sit in the examination only if he/she produce admit card with pasted photograph attested by the Gazetted Officer along with photo I-Card.

4. No candidate is permitted to use the paper, cellular phone, F.M. radio and even the calculator, any other electronic device or weapon of any kind in the exam.

5. Drinking and smoking in the exam centre is strictly prohibited. A candidate found intoxicated or is found smoking will be made to leave the examination hall and the result of the candidate will be cancelled.

6. Every candidate must ensure that they have taken the assigned seat. They are not allowed to change the seat under any circumstances.

7. Differently abled candidates (only blind and handicapped from hands) are allowed to have a writer with them. In such cases they have to prove their genuineness and have to show the certificates of the writers. The education qualification of the writer should be less than prescribed qualification for the post. The candidate will provide the complete information about the scribe to the controller of the examination centre one day before the exam. Differently abled candidates will be given compensatory time of at least 20 minutes per hour of examination.

8. No candidate will be permitted to leave the examination hall till the entire duration of the paper is completed. However in some exceptional cases, the same may be allowed only with the permission of the Centre Superintendent.

9. Use only **Blue/Black** ball point pen to darken the circle of correct response and other details in the OMR Answer Sheet. **In no case gel/ink pen or pencil should be used.**

10. Candidates must mention the details as well as darken the ovals clearly at the desired places of the OMR Answer Sheet. Overwriting or cutting in the OMR Answer Sheets may result in cancellation of exam.

11. There are 4 sets of question papers A,B,C & D. **Candidates must write and darken the oval of their set on the OMR Answer Sheet at all the desired places. If a candidate does not write and darken the oval of their set on the OMR Answer Sheet at the appropriate place, his/her candidature will be considered as cancelled.**

12. All questions will be Multiple Choice Questions (MCQs) each carrying one mark with four alternatives out of which one answer will be correct. **Every correct answer carries '1' mark. There shall be no Negative Marking.**

13. Do not darken more than one circle of options for any question. **A question with more than one darkened response shall be considered wrong.**

14. Please do not open the question paper booklet until you are told to do so. In case any candidate opens the question paper booklet before the stipulated time, action may be initiated against him/her as per rules.

15. Do the rough work on the space given in the question paper booklet.

16. **Candidates can carry Question Booklets with them only after the completion of Examination. The candidates will also be provided carbon copy (Candidate’s Copy) of their OMR Answer Sheet.**

# ਉਮੀਦਵਾਰਾਂ ਲਈ ਨਿਰਦੇਸ਼

1. **ਸਾਰੇ ਉਮੀਦਵਾਰ ਪ੍ਰੀਖਿਆ ਕੇਂਦਰ ਵਿਖੇ ਮਾਸਕ ਪਹਿਨਣਗੇ ਅਤੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਨਗੇ।**

2. **ਉਮੀਦਵਾਰ ਦਿੱਤੇ ਗਏ ਟੈਸਟ ਸੈਂਟਰ ਤੇ ਪ੍ਰਖਿਆ ਦੇ ਸਮੇਂ ਤੋਂ 45 ਮਿੰਟ ਪਹਿਲਾਂ ਜਰੂਰ ਪਹੁੰਚ ਜਾਵੇ।**

3. ਉਮੀਦਵਾਰ ਨੂੰ ਪੇਪਰ ਸ਼ੁਰੂ ਹੋਣ ਵੇਲੇ ਆਪਣਾ ਐਡਮਿਟ ਕਾਰਡ (ਉਮੀਦਵਾਰ ਦੀ ਸਕੈਨਡ ਫੋਟੋ ਅਤੇ ਹਸਤਾਖਰ ਸਮੇਤ) ਅਤੇ ਫੋਟੋ ਆਈ ਕਾਰਡ ਦਿਖਾਉਣਾ ਜਰੂਰੀ ਹੋਵੇਗਾ। ਜੇਕਰ ਕਿਸੇ ਉਮੀਦਵਾਰ ਦੇ ਐਡਮਿਟ ਕਾਰਡ ਦੇ ਉਪਰ ਸਕੈਨਡ ਫੋਟੋ ਨਹੀਂ ਹੋਵੇਗੀ ਤਾਂ ਉਸ ਹਾਲਤ ਵਿੱਚ ਜੇਕਰ ਉਮੀਦਵਾਰ ਕੋਲ ਐਡਮਿਟ ਕਾਰਡ ਉਪਰ ਚਿਪਕਾਈ ਹੋਈ ਫੋਟੋ ਕਿਸੇ ਗਜਟਡ ਅਫਸਰ ਤੋਂ ਤਸਦੀਕ ਸ਼ੁਦਾ ਹੋਵੇਗੀ ਅਤੇ ਉਸ ਉਮੀਦਵਾਰ ਕੋਲ ਫੋਟੋ ਆਈ੍ਕਾਰਡ ਹੋਵੇਗਾ, ਤਾਂ ਹੀ ਉਮੀਦਵਾਰ ਨੂੰ ਪੇਪਰ ਵਿੱਚ ਬੈਠਣ ਦਿੱਤਾ ਜਾਵੇਗਾ।

4. ਕਿਸੇ ਵੀ ਉਮੀਦਵਾਰ ਨੂੰ ਕੋਈ ਵੀ ਪ੍ਰੀਖਿਆ ਦੌਰਾਨ ਖਾਲੀ ਪੇਪਰ, ਮੋਬਾਇਲ ਫੋਨ, ਐਫ.ਐਮ. ਰੇਡੀਓ ਅਤੇ ਕੈਲਕੂਲੇਟਰ ਜਾਂ ਕੋਈ ਹੋਰ ਇਲੈਕਟ੍ਰੋਨਿਕ ਡਿਵਾਇਸ ਵਰਤਣ/ਨਾਲ ਲਿਜਾਣ ਦੀ ਸਖਤ ਮਨਾਹੀ ਹੈ।

5. ਸੈਂਟਰ ਵਿੱਚ ਅਲਕੋਹਲ(ਸ਼ਰਾਬ) ਜਾਂ ਸਿਗਰਟ ਆਦਿ ਪੀਣ ਦੀ ਜਾਂ ਪੀ ਕੇ ਆਉਣ ਦੀ ਸਖਤ ਮਨਾਹੀ ਹੈ। ਜੇਕਰ ਕੋਈ ਉਮੀਦਵਾਰ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਪ੍ਰੀਖਿਆ ਕੇਂਦਰ ਵਿਚੋਂ ਬਾਹਰ ਕੱਢ ਦਿੱਤਾ ਜਾਵੇਗਾ ਅਤੇ ਉਸਦਾ ਰਿਜਲਟ ਰੱਦ ਕਰ ਦਿੱਤਾ ਜਾਵੇਗਾ।

6. ਉਮੀਦਵਾਰ ਕੇਵਲ ਨਿਰਧਾਰਿਤ ਦਿੱਤੇ ਹੋਏ ਸੀਟ ਨੰਬਰ ਤੇ ਹੀ ਬੈਠ ਸਕੇਗਾ। ਉਮੀਦਵਾਰ ਨੂੰ ਕਿਸੇ ਵੀ ਹਾਲਤ ਵਿਚ ਆਪਣੀ ਸੀਟ ਬਦਲਣ ਦੀ ਸਖਤ ਮਨਾਹੀ ਹੋਵੇਗੀ।

7. ਡਿਫਰੈਂਟਲੀ ਏਬਲਡ (ਅੱਖਾਂ ਤੋਂ ਜਾਂ ਦੋਨੋ ਹੱਥਾਂ ਤੋਂ) ਉਮੀਦਵਾਰਾਂ ਨੂੰ ਆਪਣੇ ਨਾਲ ਇੱਕ ਰਾਇਟਰ ਲਿਆਉਣ ਦੀ ਇਜਾਜਤ ਦਿੱਤੀ ਜਾਵੇਗੀ। ਅਜਿਹੀ ਹਾਲਤ ਵਿੱਚ ਉਸ ਉਮੀਦਵਾਰ ਨੂੰ ਆਪਣੀ ਡਿਫਰੈਂਟਲੀ ਏਬਲਡ ਦੀ ਯੋਗਤਾ ਦਾ ਸਰਟੀਫੀਕੇਟ ਦਿਖਾਉਣਾ ਜਰੂਰੀ ਹੋਵੇਗਾ।ਰਾਈਟਰ ਦੀ ਵਿਦਿਅਕ ਯੋਗਤਾ ਆਸਾਮੀ ਲਈ ਨਿਰਧਾਰਤ ਯੋਗਤਾਵਾਂ ਤੋਂ ਘੱਟ ਹੋਣੀ ਚਾਹੀਦੀ ਹੈ।ਉਮੀਦਵਾਰ ਆਪਣੇ ਰਾਈਟਰ ਦੀ ਪੂਰੀ ਜਾਣਕਾਰੀ ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਪ੍ਰੀਖਿਆ ਸੈਂਟਰ ਦੇ ਕੰਟਰੋਲਰ ਨੂੰ ਦੇਵੇਗਾ। ਡਿਫਰੈਂਟਲੀ ਏਬਲਡ ਉਮੀਦਵਾਰਾਂ ਨੂੰ 20 ਮਿੰਟ ਵਾਧੂ ਸਮਾਂ ਪ੍ਰੀਖਿਆ ਦੇ ਪ੍ਰਤੀ ਘੰਟੇ ਅਨੁਸਾਰ ਦਿੱਤਾ ਜਾਵੇਗਾ।

8. ਕੋਈ ਵੀ ਉਮੀਦਵਾਰ ਦਿੱਤੇ ਸਮੇਂ ਤੋਂ ਪਹਿਲਾਂ ਪ੍ਰੀਖਿਆ ਕੇਂਦਰ ਤੋਂ ਬਾਹਰ ਨਹੀਂ ਜਾ ਸਕਦਾ। ਕਿਸੇ ਐਮਰਜੈਂਸੀ ਕਾਰਨ ਕਰਕੇ ਉਮੀਦਵਾਰ ਸੈਂਟਰ ਸੁਪਰਡੰਟ ਦੀ ਪ੍ਰਵਾਨਗੀ ਨਾਲ ਹੀ ਸਮੇਂ ਤੋਂ ਪਹਿਲਾਂ ਸੈਂਟਰ ਤੋਂ ਬਾਹਰ ਜਾ ਸਕੇਗਾ।

9. ਓ.ਐਮ.ਆਰ. ਸ਼ੀਟ ਲਈ ਉਮੀਦਵਾਰ ਕੇਵਲ **ਨੀਲਾ/ਕਾਲਾ** ਬਾਲ ਪੁਆਇੰਟ ਪੈਨ ਹੀ ਵਰਤ ਸਕਦਾ ਹੈ। **ਕਿਸੇ ਵੀ ਹਾਲਤ ਵਿੱਚ ਉਮੀਦਵਾਰ ਜੈਲ/ਇੰਕ ਵਾਲਾ ਪੈਨ ਜਾਂ ਪੈਨਸਿਲ ਨਹੀਂ ਵਰਤ ਸਕਦਾ।**

10. ਉਮੀਦਵਾਰ ਆਪਣੀ ਜਾਣਕਾਰੀ ਭਰਨ ਲਈ ਦਿੱਤੇ ਹੋਏ ਗੋਲਿਆਂ ਨੂੰ ਚੰਗੀ ਤਰ੍ਹਾਂ ਨਾਲ ਕਾਲਾ ਕਰੇਗਾ। ਉਮੀਦਵਾਰ ਓ.ਐਮ.ਆਰ ਉਤੱਰ ਕਾਪੀ ਤੇ ਓਵਰ ਰਾਇਟਿੰਗ ਜਾਂ ਕੱਟਵੱਢ ਨਾ ਕਰੇ। ਅਜਿਹਾ ਕਰਨ ਨਾਲ ਉਸਦਾ ਰਿਜਲਟ ਪ੍ਰਭਾਵਿਤ ਹੋ ਸਕਦਾ ਹੈ।

11. ਪ੍ਰਸ਼ਨ ਪੱਤਰਾਂ ਦੇ ਚਾਰ ਸੈਟ A,B,C&D ਹੋਣਗੇ। **ਉਮੀਦਵਾਰ ਆਪਣੀ ਉਤਰ ਪੁਸਤਕ ਤੇ ਆਪਣੇ ਦਿੱਤੇ ਹੋਏ ਸੈਟ ਵਾਲੇ ਗੋਲਿਆਂ ਨੂੰ ਧਿਆਨ ਨਾਲ ਕਾਲਾ ਕਰੇਗਾ ਅਤੇ ਲੋੜੀਂਦੀ ਜਾਣਕਾਰੀ ਲਿਖੇਗਾ।ਜੇਕਰ ਕੋਈ ਉਮੀਦਵਾਰ ਆਪਣੀ ਉਤਰ ਪੁਸਤਕ ਤੇ ਆਪਣੇ ਦਿੱਤੇ ਹੋਏ ਸੈਟ ਵਾਲੇ ਗੋਲੇ ਨੂੰ ਕਾਲਾ ਨਹੀ ਕਰਦਾ ਹੈ ਅਤੇ ਨਾ ਹੀ ਲੋੜੀਂਦੀ ਜਾਣਕਾਰੀ ਲਿਖਦਾ ਹੈ ਤਾਂ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।**

12. ਸਾਰੇ ਪ੍ਰਸ਼ਨ ਬਹੁ-ਵਿਕਲਪ ਵਾਲੇ ਹੋਣਗੇ, ਹਰੇਕ ਪ੍ਰਸ਼ਨ ਇੱਕ ਨੰਬਰ ਦਾ ਹੋਵੇਗਾ ਅਤੇ ਉਤਰ ਦੀਆਂ 4 ਆਪਸ਼ਨਾ ਹੋਣਗੀਆਂ ਜਿੰਨ੍ਹਾਂ ਵਿਚੋਂ ਇੱਕ ਉਤੱਰ ਸਹੀ ਹੋਵੇਗਾ। **ਹਰੇਕ ਠੀਕ ਉਤੱਰ ਲਈ 1 ਨੰਬਰ ਦਿੱਤਾ ਜਾਵੇਗਾ। ਕੋਈ ਨੈਗੇਟਿਵ ਮਾਰਕਿੰਗ ਨਹੀ ਹੋਵੇਗੀ।**

13. ਇੱਕ ਪ੍ਰਸਨ ਲਈ ਇੱਕ ਤੋ ਵੱਧ ਗੋਲੇ ਡਾਰਕ ਨਹੀਂ ਕਰਨੇ। **ਅਜਿਹਾ ਕਰਨ ਦੀ ਸੂਰਤ ਵਿੱਚ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ।**

14. ਜਦੋਂ ਤੱਕ ਉਮੀਦਵਾਰਾਂ ਨੂੰ ਸੂਚਿਤ ਨਹੀਂ ਕੀਤਾ ਜਾਂਦਾ ਉਦੋਂ ਤੱਕ ਪੇਪਰ ਬੁੱਕਲੈਟ ਨਹੀਂ ਖੋਲਣੀ। ਜੇਕਰ ਕੋਈ ਉਮੀਦਵਾਰ ਬੁਕਲੈਟ ਸਮੇਂ ਤੋਂ ਪਹਿਲਾਂ ਖੋਲੇਗਾ ਤਾਂ ਉਸਦੇ ਖਿਲਾਫ ਨਿਯਮਾਂ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ।

15. ਉਮੀਦਵਾਰ ਰਫ ਕੰਮ ਪ੍ਰਸ਼ਨ ਪੱਤਰ ਪੁਸਤਿਕਾ ਤੇ ਦਿੱਤੀ ਜਗ੍ਹਾ ਉਪੱਰ ਹੀ ਕਰੇ।

16. **ਉਮੀਦਵਾਰ ਪੇਪਰ ਖਤਮ ਹੋਣ ਤੋਂ ਬਾਅਦ ਪ੍ਰਸ਼ਨ ਪੱਤਰ ਪੁਸਤਿਕਾ ਅਤੇ ਓ.ਐਮ.ਆਰ. ਸ਼ੀਟ ਦੀ ਕਾਰਬਨ ਕਾਪੀ (Candidate's Copy) ਆਪਣੇ ਨਾਲ ਲਿਜਾ ਸਕਦਾ ਹੈ।**